## 'ਪੀ ਐੱਨ ਈ' ਫੇਅਰ 2024 ਲਈ ਤੁਹਾਡੀਆਂ ਚਾਰ ਮੁਫ਼ਤ ਟਿਕਟਾਂ

'ਪੀ ਐੱਨ ਈ' ਦੇ ਪਿਆਰੇ ਸਨਮਾਨਿਤ ਗੁਆਂਢੀ ਜੀ,

ਤੁਹਾਡੇ ਪਰਿਵਾਰ ਨੂੰ 2024 ਦੇ 'ਪੀ ਐੱਨ ਈ' ਮੇਲੇ ਲਈ 'ਚਾਰ' ਮੁਫ਼ਤ ਦਾਖਲਾ ਪਾਸ ਦੇਣ ਦੀ ਪੇਸ਼ਕਸ਼ ਕਰਨ ਦੀ ਸਾਨੂੰ ਖੁਸ਼ੀ ਹੋ ਰਹੀ ਹੈ, ਜਿਹੜੇ ਤੁਸੀਂ 17 ਅਗਸਤ – 2 ਸਤੰਬਰ ਤੱਕ 'ਪੀ ਐੱਨ ਈ' ਦੇ **ਕਿਸੇ ਵੀ ਖੁੱਲ੍ਹਣ ਵਾਲੇ ਦਿਨ** ਵਰਤ ਸਕਦੇ ਹੋ।

**ਇਸ ਪੱਤਰ ਨੂੰ ਗੁਆ ਨਾ ਦਿਓ - ਤੁਸੀਂ ਇਸ ਤੋਂ ਬਿਨਾਂ ਆਪਣੀਆਂ ਟਿਕਟਾਂ ਨੂੰ ਰਿਡੀਮ ਨਹੀਂ ਕਰ ਸਕਦੇ।**
ਤੁਹਾਡਾ ਵਿਲੱਖਣ ਪ੍ਰੋਮੋ ਕੋਡ ਉਸ ਚਿੱਠੀ 'ਤੇ ਹੈ, ਜਿਹੜੀ ਤੁਸੀਂ ਡਾਕ ਰਾਹੀਂ ਪ੍ਰਾਪਤ ਕੀਤੀ।

**ਇਹ ਤੁਹਾਡੀ ਟਿਕਟ ਨਹੀਂ ਹੈ।** ਪ੍ਰੋਮੋ ਕੋਡ, ਜਿਹੜਾ ਤੁਹਾਡੀ ਮੁੱਢਲੀ ਚਿੱਠੀ 'ਤੇ ਹੈ, ਨੂੰ **ਔਨਲਾਈਨ, ਫ਼ੋਨ ਦੁਆਰਾ ਜਾਂ ਆਪ ਆ ਕੇ** ਹੇਠਾਂ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰਦੇ ਹੋਏ ਰਿਡੀਮ ਕੀਤਾ ਜਾਣਾ ਜ਼ਰੂਰੀ ਹੈ।

**ਜਾਣ ਤੋਂ ਪਹਿਲਾਂ ਜਾਣੋ:**

- ਤੁਹਾਡੀਆਂ ਟਿਕਟਾਂ (ਜਾਂ ਟਿਕਟ) ਵਿੱਚ ਸਿਰਫ਼ 2024 'ਪੀ ਐੱਨ ਈ' ਫੇਅਰ ਵਿੱਚ ਦਾਖਲਾ (ਪ੍ਰਤੀ ਵਿਅਕਤੀ ਇੱਕ ਟਿਕਟ) ਸ਼ਾਮਲ ਹੈ।
- ਪੀ ਐੱਨ ਈ ਮੇਲਾ ਸੋਮਵਾਰ 19 ਅਗਸਤ ਅਤੇ ਸੋਮਵਾਰ 26 ਅਗਸਤ ਨੂੰ ਬੰਦ ਹੈ।
- ਰਾਈਡਾਂ ਅਤੇ ਸਮਰ ਨਾਈਟਸ ਕੰਸਰਟ ਸ਼ਾਮਲ **ਨਹੀਂ** ਹਨ।
- 3 ਸਾਲ ਅਤੇ ਇਸ ਤੋਂ ਘੱਟ ਉਮਰ ਦੇ ਬੱਚੇ ਬਿਨਾਂ ਟਿਕਟ ਦੇ ਮੁਫ਼ਤ ਦਾਖਲ ਹੋ ਸਕਦੇ ਹਨ।
- ਹੋਰ ਜਾਣਕਾਰੀ ਲਈ pne.ca/fair2024 ਨੂੰ ਦੇਖਣਾ ਨਾ ਭੁੱਲਣਾ।

---

**ਆਪਣੀਆਂ ਟਿਕਟਾਂ ਨੂੰ ਕਿਵੇਂ ਰਿਡੀਮ ਕਰਨਾ ਹੈ:**
ਤੁਸੀਂ ਹੇਠਾਂ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰਦੇ ਹੋਏ www.ticketleader.ca 'ਤੇ ਆਪਣੀਆਂ ਟਿਕਟਾਂ ਔਨਲਾਈਨ ਰਿਡੀਮ ਕਰ ਸਕਦੇ ਹੋ। ਬਦਲ ਵਜੋਂ, ਤੁਸੀਂ ਟਿਕਟਲੀਡਰ ਨੂੰ **604-252-3700** 'ਤੇ ਸਿੱਧਾ ਕਾਲ ਕਰ ਸਕਦੇ ਹੋ।

**ਆਪਣੇ ਪ੍ਰੋਮੋ ਕੋਡ ਨੂੰ ਔਨਲਾਈਨ ਰਿਡੀਮ ਕਰਨਾ:**

1. www.ticketleader.ca 'ਤੇ ਜਾਓ ਅਤੇ ਉੱਪਰ ਸੱਜੇ ਮੈਨਿਊ ਤੋਂ **ਪ੍ਰੋਮੋ ਕੋਡ** ਸਲੈਕਟ ਕਰੋ।
2. ਉੱਪਰੋਂ ਆਪਣਾ ਵਿਲੱਖਣ ਪ੍ਰੋਮੋਕੋਡ ਇੰਟਰ ਕਰੋ ਅਤੇ 'ਗੋ' ਪਰੈੱਸ ਕਰੋ।
3. 'ਫੇਅਰ ਐਨੀ ਡੇ ਐਡਮਿਸ਼ਨ' ਦੇ ਅੱਗੇ ' ਫਾਈਂਡ ਟਿਕਟਸ' ਸਲੈਕਟ ਕਰੋ।
4. 'ਹਾਓ ਮੈਨੀ ਟਿਕਟਸ?' ਦੇ ਹੇਠ '+' ਨੂੰ ਇੱਕ ਵਾਰ ਪਰੈੱਸ ਕਰੋ ਜਾਂ ਜਦੋਂ ਤੱਕ ਇਹ ਤੁਹਾਡੀਆਂ ਚਾਰ ਟਿਕਟਾਂ ਲਈ '4' ਨਹੀਂ ਦਿਖਾਉਂਦਾ।
   *ਨੋਟ: ਤੁਹਾਨੂੰ ਇੱਕ ਵਾਰ ਹੀ ਸਾਰੀਆਂ ਚਾਰ ਟਿਕਟਾਂ ਰਿਡੀਮ ਕਰਨੀਆਂ **ਜ਼ਰੂਰੀ** ਹਨ। ਪ੍ਰੋਮੋ ਕੋਡ ਇਕ ਵਾਰੀ ਵਰਤਿਆ ਜਾਣ (ਸਿੰਗਲ ਯੂਜ਼) ਵਾਲਾ ਹੈ।*
5. ' ਐਡ ਟੂ ਕਾਰਟ' ਤੇ ਫਿਰ 'ਚੈੱਕਆਉਟ' 'ਤੇ ਕਲਿੱਕ ਕਰੋ। ਤੁਸੀਂ ਆਪਣੀ ਡਿਲਿਵਰੀ ਚੋਣ ਨਹੀਂ ਬਦਲ ਸਕਦੇ।
6. ਫਿਰ ਤੁਹਾਨੂੰ ਆਪਣੇ ਅਕਾਊਂਟ ਵਿੱਚ ਲੌਗਇਨ ਕਰਨ ਲਈ ਕਿਹਾ ਜਾਵੇਗਾ ਜਾਂ ਜੇ ਤੁਸੀਂ ਟਿਕਟਲੀਡਰ ਲਈ ਨਵੇਂ ਹੋ ਤਾਂ ਅਕਾਊਂਟ ਬਣਾਉਣ ਲਈ ਕਿਹਾ ਜਾਵੇਗਾ ।
7. ਲੌਗਇਨ ਕਰਨ ਤੋਂ ਬਾਅਦ, 'ਪਲੇਸ ਯੂਅਰ ਆਰਡਰ' ਨੂੰ ਸਲੈਕਟ ਕਰੋ।

ਤੁਸੀਂ ਪੂਰਾ ਕਰ ਲਿਆ ਹੈ! ਟਿਕਟਾਂ ਸਿਰਫ਼ ਮੋਬਾਈਲ ਹਨ। ਸਕਰੀਨਸ਼ਾਟ ਸਵੀਕਾਰ ਨਹੀਂ ਕੀਤੇ ਜਾਣਗੇ।

**ਆਪਣੇ ਪ੍ਰੋਮੋ ਕੋਡ ਨੂੰ ਆਪ ਆ ਕੇ ਰਿਡੀਮ ਕਰਨਾ**

**ਕਦੋਂ:** **ਅਗਸਤ 1**: 2 ਸ਼ਾਮ – 6 ਸ਼ਾਮ **ਅਗਸਤ 9**: 2 ਸ਼ਾਮ – 8 ਸ਼ਾਮ
**ਅਗਸਤ 10**: 10 ਸਵੇਰ – 2 ਸ਼ਾਮ **ਅਗਸਤ 11**: 10 ਸਵੇਰ – 4 ਸ਼ਾਮ

**ਕਿੱਥੇ**: ***ਨਵਾਂ ਸਥਾਨ*** ਸਾਊਥ ਫੋਰਮ ਬਾਕਸ ਆਫਿਸ, ਗੇਟ 1 (ਹੇਸਟਿੰਗਜ਼ ਅਤੇ ਰੈਨਫਰਿਊ ਸਟਰੀਟ ਦਾ ਕੋਨਾ)। ਤੁਸੀਂ ਪੈਸੇਫਿਕ ਕੋਲਸੀਅਮ ਤੋਂ ਆਪਣੀਆਂ ਟਿਕਟਾਂ ਪ੍ਰਾਪਤ **ਨਹੀਂ** ਕਰ ਸਕੋਗੇ।

ਵਿਅਕਤੀਗਤ ਤੌਰ 'ਤੇ ਆਉਣ ਵੇਲੇ ਆਪਣੀਆਂ ਟਿਕਟਾਂ ਨੂੰ ਰਿਡੀਮ ਕਰਨ ਲਈ ਕਿਰਪਾ ਕਰ ਕੇ ਹੇਠਾਂ ਦਿੱਤੀਆਂ ਸਾਰੀਆਂ ਤਿੰਨ ਚੀਜ਼ਾਂ ਦਿਓ:

1) ਇਹ ਚਿੱਠੀ
2) ਮੌਜੂਦਾ ਪਤੇ ਦਾ ਸਬੂਤ
(ਉਦਾਹਰਨ ਲਈ ਇੱਕ ਤਾਜ਼ਾ ਯੂਟਿਲਟੀ ਬਿੱਲ। ਫ਼ੋਟੋ ਵਾਲੀ 'ਆਈ ਡੀ' ਨੂੰ ਪਤੇ ਦੇ ਸਬੂਤ ਵਜੋਂ ਸਵੀਕਾਰ ਨਹੀਂ ਕੀਤਾ ਜਾਂਦਾ)
3) ਫ਼ੋਟੋ ਵਾਲੀ ਆਈ.ਡੀ।

ਜੇ ਤੁਸੀਂ ਇਨ੍ਹਾਂ ਤਾਰੀਖ਼ਾਂ/ਘੰਟਿਆਂ ਦੌਰਾਨ ਨਹੀਂ ਪਹੁੰਚ ਸਕਦੇ, ਤਾਂ ਆਪਣੇ ਲਈ ਰਿਡੀਮ ਕਰਨ ਲਈ ਪਰਿਵਾਰ ਦੇ ਕਿਸੇ ਮੈਂਬਰ, ਦੋਸਤ ਜਾਂ ਗੁਆਂਢੀ ਨੂੰ ਭੇਜੋ। ਉਸ ਨੂੰ ਉਪਰੋਕਤ ਦਸਤਾਵੇਜ਼ ਦਿਓ 'ਅਤੇ' ਲਿਖ ਕੇ ਇੱਕ ਨੋਟ ਦਿਓ ਕਿ ਤੁਸੀਂ ਉਸ ਨੂੰ ਆਪਣੀ ਤਰਫੋਂ ਚੁੱਕਣ ਦੀ ਆਗਿਆ ਦਿੰਦੇ ਹੋ।

**ਜੇਕਰ ਤੁਹਾਡੇ ਪਤੇ 'ਤੇ ਕਈ ਸੁਈਟਾਂ ਹਨ ਪਰ ਤੁਹਾਨੂੰ ਸਿਰਫ਼ ਇੱਕ ਚਿੱਠੀ ਮਿਲੀ ਹੈ** - ਜਿਹੜੇ ਕਿਰਾਏਦਾਰਾਂ ਨੂੰ ਚਿੱਠੀ **ਨਹੀਂ ਮਿਲੀ**, ਉਨ੍ਹਾਂ ਨੂੰ ਪਤੇ ਦਾ ਸਬੂਤ (ਜਿਵੇਂ ਕਿ ਹਾਲੀਆ ਯੂਟਿਲਟੀ ਬਿੱਲ) ਅਤੇ ਫ਼ੋਟੋ ਵਾਲੀ ਆਈ ਡੀ communityengagement@pne.ca 'ਤੇ ਈਮੇਲ ਕਰਨੀ ਜ਼ਰੂਰੀ ਹੈ। ਅਸੀਂ ਕਿਰਾਏਦਾਰ ਦੀ ਤਰਫ਼ੋਂ ਬੇਨਤੀਆਂ ਸਵੀਕਾਰ ਨਹੀਂ ਕਰ ਸਕਦੇ।
*ਵਾਧੂ ਸੁਇਟ ਬੇਨਤੀਆਂ 'ਤੇ ਸੋਮ-ਸ਼ੁੱਕਰ, 8:30ਸਵੇਰ-4 ਸ਼ਾਮ ਵਿਚਕਾਰ ਕਾਰਵਾਈ ਕੀਤੀ ਜਾਵੇਗੀ।*

---

ਜੇਕਰ ਤੁਸੀਂ ਇਸ ਚਿੱਠੀ ਨੂੰ ਪੂਰਾ ਪੜ੍ਹ ਲਿਆ ਹੈ ਅਤੇ ਤੁਹਾਡੇ ਕੋਲ ਹੋਰ ਸਵਾਲ ਹਨ, ਜਿਨ੍ਹਾਂ ਦੇ ਜਵਾਬ ਸਾਡੇ ਐਫ਼ ਏ ਕਿਊ(FAQ)ਪੰਨੇ 'ਤੇ ਨਹੀਂ ਦਿੱਤੇ ਗਏ ਹਨ, ਤਾਂ ਕਿਰਪਾ ਕਰਕੇ communityengagement@pne.ca 'ਤੇ ਈਮੇਲ ਕਰੋ।